ਸੰਡੇ ਮੈਗਜ਼ੀਨ

www.ajdiawaaz.com

ਪੰਜਾਬ ਦੀ ਉਮੀਦ

# ਅੱਜ ਦੀ ਆਵਾਜ਼

ਕੀਮਤ 2 ਰੁਪਏ

• ਜਲੰਧਰ ਐਤਵਾਰ • 10 ਜਨਵਰੀ, 2010 • 28 ਪੋਹ ਨਾਨਕਸ਼ਾਹੀ ਸੰਮਤ 541

ਸੰਪਾਦਕੀ/ ਬਲਜੀਤ ਸਿੰਘ ਬਰਾੜ

## ਪੰਜਾਬ ਨੂੰ ਸਥਾਈ ਯੋਜਨਾਬੰਦੀ ਦੀ ਜ਼ਰੂਰਤ



ਕਿਸੇ ਵੀ ਦੇਸ਼ ਅਤੇ ਸੂਬੇ ਦੇ ਬਹੁ-ਪੱਖੀ ਵਿਕਾਸ ਲਈ ਇੱਕ ਸਥਾਈ ਸਿਆਸੀ ਢਾਂਚੇ ਦੀ ਜ਼ਰੂਰਤ ਹੁੰਦੀ ਹੈ। ਲੰਮੇ ਸਮੇਂ ਦੀ ਆਰਥਿਕ ਯੋਜਨਾਬੰਦੀ ਅਤੇ ਪ੍ਰੋਗਰਾਮਾਂ ਨੂੰ ਹਰ ਪੰਜ ਸਾਲਾਂ ਬਾਅਦ ਬਦਲਿਆ ਜਾਣਾ ਠੀਕ ਨਹੀਂ ਹੁੰਦਾ। ਸਰਕਾਰਾਂ ਦੇ ਬਦਲਣ ਨਾਲ ਜੇਕਰ ਲੰਮੇ ਸਮੇਂ ਦੀ ਆਰਥਿਕ ਯੋਜਨਾਬੰਦੀ ਅਤੇ ਪ੍ਰੋਗਰਾਮਾਂ ਨੂੰ ਹਰ ਵਾਰ ਬਦਲ ਦਿੱਤਾ ਜਾਵੇ ਤਾਂ ਉਸਦਾ ਵਿਕਾਸ ਉੱਤੇ ਬੇਹੱਦ ਮਾੜਾ ਅਸਰ ਪੈਂਦਾ ਹੈ। ਪੰਜਾਬ ਵੀ ਇਸ ਦੁਰਪ੍ਰਬੰਧ ਦਾ ਸ਼ਿਕਾਰ ਹੈ। ਪੰਜਾਬ ਵਿੱਚ ਹਰ ਪੰਜ ਸਾਲਾਂ ਬਾਅਦ ਸਰਕਾਰ ਬਦਲ ਜਾਂਦੀ ਹੈ। ਸਰਕਾਰ ਦੇ ਬਦਲਣ ਨਾਲ ਹੀ ਯੋਜਨਾਬੰਦੀ ਅਤੇ ਵਿਕਾਸ ਪ੍ਰੋਗਰਾਮ ਬਦਲ ਜਾਂਦੇ ਹਨ। ਪੰਜਾਬ ਦੀ ਇਹ ਬਦਕਿਸਮਤੀ ਆਖੀ ਜਾ ਸਕਦੀ ਹੈ ਕਿ ਸੂਬੇ ਦੇ ਪੁਨਰਗਠਨ ਪਿੱਛੋਂ ਕੋਈ ਵੀ ਸਿਆਸੀ ਪਾਰਟੀ ਲਗਾਤਾਰ ਪੰਜ ਸਾਲ ਤੋਂ ਵੱਧ ਰਾਜ ਨਹੀਂ ਕਰ ਸਕਦੀ। ਹਰ ਪੰਜ ਸਾਲਾਂ ਬਾਅਦ ਸਰਕਾਰ ਦਾ ਸਿਆਸੀ ਰੰਗ ਬਦਲਣ ਨਾਲ ਸੂਬੇ ਦਾ ਇੱਕ ਸਾਰ ਆਰਥਿਕ ਵਿਕਾਸ ਨਹੀਂ ਹੋ ਸਕਿਆ। ਸਿਆਸੀ ਪਾਰਟੀਆਂ ਸੜਕਾਂ, ਪੁਲਾਂ ਤੋਂ ਅੱਗੇ ਦੀ ਨਹੀਂ ਸੋਚ ਰਹੀਆਂ। ਵਿਕਾਸ ਦਾ ਮਕਸਦ ਸਿਰਫ਼ ਸੜਕਾਂ ਅਤੇ ਪੁੱਲ ਬਣਾਉਣਾ ਹੀ ਨਹੀਂ ਹੁੰਦਾ। ਪੰਜਾਬ ਦੀਆਂ ਹੋਰ ਬਹੁਤ ਵੱਡੀਆਂ ਸਮੱਸਿਆਵਾਂ ਹਨ। ਇਨ੍ਹਾਂ ਵੱਡੀਆਂ ਸਮੱਸਿਆਵਾਂ ਅਤੇ ਚੁਣੌਤੀਆਂ ਵੱਲ ਕੋਈ ਵੀ ਸਿਆਸੀ ਧਿਰ ਧਿਆਨ ਨਹੀਂ ਦੇ ਰਹੀ। ਸਿਆਸੀ ਪਾਰਟੀਆਂ ਅਤੇ ਸਿਆਸੀ ਆਗੂ ਸਿਰਫ਼ ਆਪਣੇ ਨਿੱਜੀ ਅਤੇ ਚੋਣ ਹਿੱਤਾਂ ਨੂੰ ਸਾਹਮਣੇ ਰੱਖ ਰਹੇ ਹਨ। ਉਨ੍ਹਾਂ ਨੂੰ ਸਮੁੱਚੇ ਪੰਜਾਬ ਦੇ ਭਵਿੱਖ ਦਾ ਕੋਈ ਫ਼ਿਕਰ ਨਹੀਂ ਹੈ। ਅਜਿਹੇ ਸੋਚ ਦੇ ਚੱਲਦਿਆਂ ਪੰਜਾਬ ਦੇ ਅਸਲ ਵਿਕਾਸ ਅਤੇ ਭਵਿੱਖ ਦੇ ਯੋਜਨਾਬੰਦੀ ਦਾ ਮੁੱਦਾ ਹਾਸ਼ੀਏ ਉਪਰ ਚਲਾ ਗਿਆ ਹੈ। ਸਿਆਸੀ ਪਾਰਟੀਆਂ ਦੀ ਇਸ ਪ੍ਰਤੀ ਬੇਰੁਖੀ ਕਾਰਨ ਪੰਜਾਬ ਇੱਕ ਹਨ੍ਹੇਰੀ ਗਲੀ ਵਿੱਚ ਦਾਖ਼ਲ ਹੋ ਚੁੱਕਾ ਹੈ। ਅਜਿਹੀ ਸਥਿਤੀ ਵਿੱਚ ਹੀ ਪੰਜਾਬ ਆਰਥਿਕ ਮੰਦਹਾਲੀ ਦੇ ਕੰਢੇ 'ਤੇ ਪਹੁੰਚ ਗਿਆ ਹੈ ਅਤੇ ਪੰਜਾਬ ਵਿੱਚ ਸ਼ਹਿਰੀ ਸਹੂਲਤਾਂ ਵਿਕਸਤ ਨਹੀਂ ਹੋ ਸਕੀਆਂ। ਜੇਕਰ ਇਸ ਤਰ੍ਹਾਂ ਦਾ ਹੀ ਆਰਜੀ ਰਾਜਸੀ ਪ੍ਰਬੰਧ ਚੱਲਦਾ ਰਿਹਾ ਤਾਂ ਇੱਕ ਦਿਨ ਪੰਜਾਬ ਚਾਰ ਸਦੀਆਂ ਪਿੱਛੇ ਪਹੁੰਚ ਜਾਵੇਗਾ। ਸਿਆਸੀ ਪਾਰਟੀਆਂ ਨੂੰ ਪੰਜਾਬ ਦੇ ਭਵਿੱਖ ਦਾ ਕੋਈ ਫ਼ਿਕਰ ਨਹੀਂ। ਸਾਰੀਆਂ ਹੀ ਸਿਆਸੀ ਪਾਰਟੀਆਂ ਜਿਨ੍ਹਾਂ ਵਿੱਚ ਕਾਂਗਰਸ, ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਸ਼ਾਮਲ ਹੈ, ਪੰਜਾਬ ਪ੍ਰਤੀ ਆਰਜੀ ਪਹੁੰਚ ਹੀ ਰੱਖਦੀਆਂ ਹਨ। ਸਾਰੀਆਂ ਸਿਆਸੀ ਪਾਰਟੀਆਂ ਦਾ ਨਿਸ਼ਾਨਾ ਪੰਜ ਸਾਲ ਲਈ ਸੱਤਾ ਹਾਸਲ ਕਰਨਾ ਹੀ ਰਿਹਾ ਹੈ। ਇਸ ਪੰਜ ਸਾਲਾ ਨਿਸ਼ਾਨੇ ਕਾਰਨ ਹੀ ਉਨ੍ਹਾਂ ਦੀ ਨਜ਼ਰ ਪੰਜ ਸਾਲਾਂ ਤੋਂ ਅੱਗੇ ਦੀ ਨਹੀਂ ਸੋਚ ਰਹੀ। ਸਿਆਸੀ ਪਾਰਟੀਆਂ ਨੇ ਪੰਜਾਬ ਲਈ ਲੰਮੇ ਸਮੇਂ ਦੀ ਆਰਥਿਕ ਯੋਜਨਾਬੰਦੀ ਬਾਰੇ ਸੋਚਣਾ ਬੰਦ ਕਰ ਦਿੱਤਾ ਹੈ। ਸਥਾਈ ਆਰਥਿਕ ਯੋਜਨਾਬੰਦੀ ਦੀ ਘਾਟ ਕਾਰਨ ਪੰਜਾਬ ਦਾ ਭਵਿੱਖ ਹਨ੍ਹੇਰਾ ਹੀ ਦਿੱਸ ਰਿਹਾ ਹੈ। ਪੰਜਾਬ ਬਹੁਪੱਖੀ ਸੰਕਟਾਂ ਨਾਲ ਸਾਹਮਣਾ ਕਰ ਰਿਹਾ ਹੈ। ਇਸ ਸਥਿਤੀ ਵਿੱਚ ਬਦਲਾਅ ਦੀ ਕੋਈ ਸੰਭਾਵਨਾ ਵੀ ਨਹੀਂ ਦਿਸ ਰਹੀ। ਅਸਲ ਵਿੱਚ ਪੰਜਾਬ ਇੱਕ ਆਰਜੀ ਰਾਜਸੀ ਪ੍ਰਬੰਧ ਅਧੀਨ ਹੀ ਚੱਲ ਰਿਹਾ ਹੈ। ਪੰਜਾਬ ਦਾ ਆਰਜੀ ਰਾਜ ਪ੍ਰਬੰਧ ਪੰਜ-ਪੰਜ ਸਾਲ ਦੀ ਮਿਆਦ ਨਾਲ ਹੀ ਅੱਗੇ ਵੱਧਦਾ ਪ੍ਰਤੀਤ ਹੁੰਦਾ ਹੈ। । ਸਰਕਾਰਾਂ ਸਿਰਫ਼ ਪੰਜ ਸਾਲ ਦੀ ਮਿਆਦ ਲਈ ਹੀ ਨੀਤੀਆਂ ਅਤੇ ਪ੍ਰੋਗਰਾਮ ਤਿਆਰ ਕਰਦੀਆਂ ਹਨ। ਅਗਲੇ 10 ਜਾਂ 20 ਸਾਲਾਂ ਵਿੱਚ ਪੰਜਾਬ ਨੂੰ ਕਿੱਥੇ ਲੈ ਕੇ ਜਾਣਾ ਹੈ, ਇਸ ਲਈ ਕੋਈ ਵੀ ਸਰਕਾਰ ਯੋਜਨਾ ਨਹੀਂ ਬਣਾਉਂਦੀ। ਲੰਮੇ ਸਮੇਂ ਦੀ ਸਥਾਈ ਯੋਜਨਾਬੰਦੀ ਦੀ ਘਾਟ ਕਾਰਨ ਹੀ ਪੰਜਾਬ ਆਰਥਿਕ ਪਛੜੇਵੇਂ ਦਾ ਸ਼ਿਕਾਰ ਹੁੰਦਾ ਜਾ ਰਿਹਾ ਹੈ। ਪੰਜਾਬ ਵਿੱਚ ਕੋਈ ਅਜਿਹਾ ਪੱਕਾ ਰਾਜਸੀ ਪ੍ਰਬੰਧ ਨਹੀਂ ਹੈ, ਜਿਹੜਾ ਇਸ ਸੂਬੇ ਦੀਆਂ ਭਵਿੱਖੀ ਯੋਜਨਾਵਾਂ ਦੀ ਦੇਖਭਾਲ ਕਰ ਸਕੇ। ਪੰਜਾਬ ਨੂੰ ਲੰਮੇ ਸਮੇਂ ਦੀ ਆਰਥਿਕ ਯੋਜਨਾਬੰਦੀ ਲਈ ਇੱਕ ਸਥਾਈ ਪ੍ਰਬੰਧ ਦੀ ਜ਼ਰੂਰਤ ਹੈ। ਇਸ ਪ੍ਰਬੰਧ ਨੂੰ ਸਿਆਸੀ ਪ੍ਰਭਾਵ ਤੋਂ ਮੁਕਤ ਰੱਖਿਆ ਜਾਣਾ ਹੋਣਾ ਚਾਹੀਦਾ ਹੈ। ਜੇਕਰ ਪੰਜਾਬ ਨੂੰ ਸੰਭਾਲਣਾ ਹੈ ਤਾਂ ਉਸ ਨੂੰ ਅਜਿਹੇ ਪੱਕੇ ਰਾਜਸੀ ਢਾਂਚੇ ਦੀ ਸਖ਼ਤ ਜ਼ਰੂਰਤ ਹੈ, ਜਿਹੜਾ ਪੰਜਾਬ ਦੀਆਂ ਬੁਨਿਆਦੀ ਲੋੜਾਂ ਲਈ ਲੰਮੇ ਸਮੇਂ ਦੀ ਨੀਤੀ ਅਤੇ ਪ੍ਰੋਗਰਾਮ ਤਿਆਰ ਕਰ ਸਕੇ । ਇਸ ਸਥਾਈ ਪ੍ਰਬੰਧ ਦੀ ਕਾਇਮੀ ਤੋਂ ਬਿਨਾਂ ਪੰਜਾਬ ਬਚ ਨਹੀਂ ਸਕਦਾ। ਪੰਜਾਬ ਲਈ ਫ਼ਿਕਰਮੰਦ ਧਿਰਾਂ ਨੂੰ ਇਸ ਪਹਿਲੂ ਤੋਂ ਕੁਝ ਸੋਚਣਾ ਚਾਹੀਦਾ ਹੈ।

## ਪਾਣੀ ਬਗੈਰ ਵਾਤਾਵਰਣ ਸੰਭਾਲ ਅਸੰਭਵ

ਵਿਬੂ ਨਈਅਰ

ਪਾਣੀ ਵਗੈਰ ਜੀਵਨ ਅਸੰਭਵ ਸੰਸਾਰ ਦੇ ਮਹਾਨ ਦਰਸ਼ਨ-ਸ਼ਾਸਤਰੀ ਪਲੇਟੋ ਅਨੁਸਾਰ ਦੂਸਰੇ ਸ਼ਬਦਾਂ ਅਨੁਸਾਰ ਪਿਆਸ ਲੱਗ ਜਾਣ ਉਪਰੰਤ ਵੀ ਖੂਹ ਪੁੱਟਣ ਬਾਰੇ ਸੋਚਣਾ ਇੱਕ ਅਪਰਾਧ ਤੋਂ ਵੱਧ ਕੋਈ ਗੱਲ ਨਹੀਂ। ਅਕਤੂਬਰ 31, 2004 ਨੂੰ ਸੰਸਾਰ ਦੇ ਇੱਕ ਦੇਸ਼ ਉਰੂਗਾਈ ਨੇ ਆਪਣੇ ਸੰਵਿਧਾਨ ਅੰਦਰ ਇੱਕ ਅਹਿਮ ਸੋਧ ਕੀਤੀ ਕਿ ਸਾਫ ਸੁਥਰਾ ਪਾਣੀ ਪੀਣਾ, ਉਸ ਦੇਸ਼ ਦੇ ਨਾਗਰਿਕਾਂ ਦਾ ਮੌਲਿਕ ਅਧਿਕਾਰ ਹੈ। ਉਰੂਗੁਾਈ ਦੇਸ਼ ਦਾ ਸੰਵਿਧਾਨ ਅੱਜ ਵੀ ਆਪਣੇ ਇਸ ਮੌਲਿਕ ਅਧਿਕਾਰ ਉੱਪਰ ਕਾਇਮ ਹੈ। ਉਰੂਗਾਈ ਦੇਸ਼ ਦੀ ਇਸ ਸੋਧ ਤੋਂ ਬਾਅਦ ਕੁੱਲ ਸੰਸਾਰ ਅੰਦਰ ਇੱਕ ਕੌਮਾਂਤਰੀ ਲਹਿਰ ਚੱਲੀ, ਜਿਸ ਨੂੰ "ਨੀਲਾ ਅਕਤੂਬਰ ਲਹਿਰ" (ਬਲਿਊ ਅਕਤੂਬਰ ਮੂਵਮੈਂਟ) ਦਾ ਨਾਂਅ ਦਿੱਤਾ ਗਿਆ। ਇਸ ਮੂਵਮੈਂਟ ਦੀ ਖਾਸ ਸ਼ਰਤ ਇਹ ਸੀ ਕਿ ਪੀਣ ਦੇ ਪਾਣੀ ਨੂੰ ਆਮ ਜਨਤਾ ਦੇ ਲਈ ਇੱਕ ਮੌਲਿਕ ਅਧਿਕਾਰ ਬਣਾਇਆ ਜਾਵੇ, ਜਿਸ ਨੂੰ ਸਿੱਧੇ ਤੌਰ 'ਤੇ 'ਰਾਈਟ ਟੂ ਵਾਟਰ' ਦਾ ਨਾਂਅ ਦਿੱਤਾ ਗਿਆ।

ਪਾਣੀ ਦੇ ਸੋਮਿਆਂ ਦੇ ਵਿਕਾਸ ਅਤੇ ਪ੍ਰਬੰਧ ਲਈ ਚੁਣੌਤੀਆਂ ਭਰਪੂਰ ਰੁਕਾਵਟਾਂ ਸਾਹਮਣੇ ਆ ਰਹੀਆਂ ਹਨ, ਜਿਨ੍ਹਾਂ ਰੁਕਾਵਟਾਂ ਨੂੰ ਚਾਰ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ। ਜਿਸ ਵਿੱਚ ਪਾਣੀ ਦੇ ਸੋਮੇ, ਉਨ੍ਹਾਂ ਦੀ ਕੁੱਲ ਪ੍ਰਾਪਤੀ, ਕੁਦਰਤੀ ਇਲਾਕਾ, ਉਸ ਨਾਲ ਆਰਥਿਕ ਸੁਧਾਰ ਅਤੇ 21ਵੀਂ ਸਦੀ ਦੀਆਂ ਚੁਣੌਤੀਆਂ ਸ਼ਾਮਲ ਹਨ। ਸੰਸਾਰ ਅੰਦਰ ਜਿਨ੍ਹਾਂ ਵੀ ਪਾਣੀ ਧਰਤੀ ਉੱਤੇ ਪ੍ਰਾਪਤ ਹੋ ਰਿਹਾ ਹੈ, ਉਸ ਦਾ ਕੇਵਲ 0.5 ਫੀਸਦੀ ਹੀ ਇਸ ਦੀ ਕੁੱਲ ਅਬਾਦੀ ਲਈ ਇਸਤੇਮਾਲ ਹੁੰਦਾ ਹੈ, ਪਰ ਮੁਸ਼ਕਲ ਦੀ ਗੱਲ ਇਹ ਹੈ ਕਿ ਇਹ ਅਨੁਪਾਤ ਵੀ ਲਗਾਤਾਰ ਘਟਦਾ ਜਾ ਰਿਹਾ ਹੈ। ਪਾਣੀ ਪੱਖੋਂ ਸੰਸਾਰ ਦੀ ਕੁੱਲ ਅਬਾਦੀ ਕਾਫੀ ਤਨਾਓ ਅਧੀਨ ਹੈ, ਕਿਉਂਕਿ ਇਹ ਅਨੁਪਾਤ ਲਗਾਤਾਰ ਘੱਟ ਹੀ ਹੁੰਦਾ ਜਾ ਰਿਹਾ ਹੈ। ਸਾਲ 1950 ਵਿੱਚ ਪ੍ਰਤੀ ਵਿਅਕਤੀ ਨੂੰ 16900 ਕਿਊਬਿਕ ਮੀਟਰ ਪਾਣੀ ਸਲਾਨਾ ਪ੍ਰਾਪਤ ਹੁੰਦਾ ਸੀ, ਜਦੋਂ ਕਿ ਸਾਲ 2000 ਵਿੱਚ ਇਹ ਅਨੁਪਾਤ ਘੱਟ ਕੇ 6800 ਕਿਊਬਿਕ ਮੀਟਰ ਹੀ ਰਹਿ ਗਿਆ, ਪਰ ਅਗਲੇ ਅੰਦਾਜ਼ੇ ਬਹੁਤ ਹੀ ਖਤਰਨਾਕ ਜਦੋਂ ਕਿ ਇਹ ਘੱਟ ਕੇ ਸਾਲ 2020 ਤੱਕ ਕੇਵਲ 5400 ਕਿਊਬਿਕ ਮੀਟਰ ਹੀ ਰਹਿ ਜਾਵੇਗਾ। ਪਾਣੀ ਦੀ ਪ੍ਰਾਪਤੀ ਕੁੱਲ ਸੰਸਾਰ ਅੰਦਰ ਬਰਾਬਰ ਨਹੀਂ, ਪਰ ਫਿਰ ਵੀ ਆਰਥਿਕ ਪੱਖੋਂ ਅਮੀਰ ਦੇਸ਼ਾਂ ਵਿੱਚ ਇਸ ਦੀ ਪ੍ਰਾਪਤੀ ਬਹੁਤ ਹੀ ਅਸਾਨੀ ਨਾਲ ਮਿਲਦੀ ਹੈ। ਆਰਥਿਕ ਪੱਖੋਂ ਘੱਟ ਵਿਕਾਸਸ਼ੀਲ ਦੇਸ਼ ਏਸ਼ੀਆ ਅਤੇ ਅਫਰੀਕਾ ਮਹਾਂਦੀਪ ਵਿੱਚ ਹਨ, ਜਿੱਥੇ ਪਾਣੀ ਪ੍ਰਾਪਤੀ ਦੇ ਸੋਮਿਆਂ ਦੀ ਅਸੀਮ ਘਾਟ ਹੈ।

ਭਾਰਤ ਵਰਗੇ ਦੇਸ਼ ਦੀ ਆਪਣੀ ਇੱਕ ਅਜੀਬ ਹੀ ਕਹਾਣੀ ਹੈ ਅਤੇ ਪਾਣੀ ਦੀ ਪ੍ਰਾਪਤੀ ਦੀ ਅਜੀਬ ਹੀ ਕਹਾਣੀ ਹੈ। 50 ਫੀਸਦੀ ਵਰਖਾ ਦਾ ਪਾਣੀ ਕੇਵਲ 15 ਦਿਨਾਂ ਵਿੱਚ ਵੱਗ ਕੇ ਮੁੜ ਸਮੁੰਦਰ ਅੰਦਰ ਚੱਲਾ ਜਾਂਦਾ ਹੈ, ਜੋ ਵਰਖਾ ਦੇ ਕੁੱਲ ਪਾਣੀ ਦਾ 90 ਫੀਸਦੀ ਹੁੰਦਾ ਹੈ। ਭਾਰਤ ਅੰਦਰ ਇਹ ਪਾਣੀ ਕਿਤੇ ਵੀ ਸਮਾਉਂਦਾ ਨਹੀਂ। ਭਾਰਤ ਅੰਦਰ ਪਾਣੀ ਦੀ ਘਾਟ 8 ਮਹੀਨੇ ਰਹਿੰਦੀ ਹੈ, ਜਦੋਂਕਿ ਬਰਸਾਤ ਦੇ ਮਹੀਨਿਆਂ ਅੰਦਰ ਇਹ ਆਪਣੇ ਸਾਰੇ ਹੀ ਖਤਰਨਾਕ ਖੇਲ ਦਿਖਾਉਂਦਾ ਹੈ। ਪਾਣੀ ਦੇ ਮਾਮਲੇ ਵਿੱਚ ਉਹੀ ਦੇਸ਼ ਅਮੀਰ ਹੈ, ਜਿਸ ਕੋਲ ਪਾਣੀ ਜਮ੍ਹਾਂ ਰੱਖਣ ਦੀ ਯੋਗਤਾ ਹੈ। ਇਸ ਮਾਮਲੇ ਵਿੱਚ ਭਾਰਤ ਦੀ 80 ਫੀਸਦੀ ਦੇਸ਼ ਵਾਂਝੇ ਹਨ, ਜਿਨ੍ਹਾਂ ਕੋਲ ਪਾਣੀ ਨੂੰ ਜਮ੍ਹਾਂ ਰੱਖਣ ਦੀ ਯੋਗਤਾ ਹੈ। ਭਾਰਤ ਕੋਲ ਕੇਵਲ 213 ਕਿਊਬਕ ਮੀਟਰ ਪ੍ਰਤੀ ਵਿਅਕਤੀ ਪਾਣੀ ਇਕੱਠਾ ਜਮ੍ਹਾਂ ਰੱਖਣ ਦੇ ਸਾਧਨ ਹਨ, ਜਦੋਂ ਕਿ ਆਸਟ੍ਰੇਲੀਆ ਕੋਲ 4733, ਅਮਰੀਕਾ ਕੋਲ 1964 ਅਤੇ ਚੀਨ ਕੋਲ 1113 ਕਿਊਬਿਕ ਮੀਟਰ ਪਾਣੀ ਪ੍ਰਤੀ ਵਿਅਕਤੀ ਜਮ੍ਹਾਂ ਰੱਖਣ ਦੇ ਸਾਧਨ ਮੌਜੂਦ ਹਨ। ਜੇਕਰ ਭਾਰਤ ਕੋਲ ਪਾਣੀ ਜਮ੍ਹਾਂ ਰੱਖਣ ਦੇ ਸਾਰੇ ਹੀ ਸਾਧਨ ਪੂਰੇ ਹੋ ਜਾਣ ਤਾਂ ਵੀ ਇਸ ਦੇ ਪਾਣੀ ਜਮ੍ਹਾਂ ਰੱਖਣ ਦੀ ਯੋਗਤਾ ਪ੍ਰਤੀ ਵਿਅਕਤੀ 400 ਮੀਟਰ ਤੋਂ ਕਦੇ ਵੀ ਵੱਧ ਨਹੀਂ ਸਕੇਗੀ।

ਅਮਰੀਕਾ ਵਰਗੇ ਅਮੀਰ ਦੇਸ਼ ਨੇ ਆਪਣੀ ਆਬਾਦੀ ਲਈ 5000 ਐਸੇ ਭੰਡਾਰ ਹਨ ਅਤੇ ਚੀਨ ਵਰਗੇ ਦੇਸ਼ ਕੋਲ 2000 ਐਸੇ ਭੰਡਾਰ ਹਨ, ਜੋ ਪੂਰੇ ਦੇਸ਼ ਅੰਦਰ ਕਦੀ ਵੀ ਪਾਣੀ ਦੀ ਘਾਟ ਨਹੀਂ ਆਉਣ ਦਿੰਦੇ, ਪਰ ਭਾਰਤ ਕੋਲ ਕੇਵਲ 213 ਹੀ ਸਮੁੱਚੇ ਭੰਡਾਰ ਹਨ ਅਤੇ ਉਹ ਵੀ ਵਰਖਾ ਦੇ ਪਾਣੀ ਨਾਲ ਹੀ ਜਮ੍ਹਾਂ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਦੀ ਸਮਰੱਥਾ ਕੇਵਲ 50 ਦਿਨ ਤੋਂ ਵੱਧ ਨਹੀਂ, ਜਦੋਂ ਕਿ ਦੱਖਣੀ ਅਮਰੀਕਾ ਦੇ ਕੋਲੋਂ ਰਾਡੋ ਅਤੇ ਮਰੈਡਾਰਲਿੰਗ ਵਰਗੇ ਦੇਸ਼ਾਂ ਕੋਲ ਪਾਣੀ ਦੇ 900 ਦਿਨਾਂ ਲਈ ਹਮੇਸ਼ਾਂ ਹੀ ਭੰਡਾਰ ਕਾਇਮ ਰਹਿੰਦੇ ਹਨ। ਆਉਣ ਵਾਲੇ ਸਮੇਂ ਵਿੱਚ ਮੌਸਮ ਦੀ ਤਬਦੀਲੀ ਕਾਰਣ ਪਾਣੀ ਜਮ੍ਹਾਂ ਕਰਨ ਦੀ ਸਮਰੱਥਾ ਘਟੇਗੀ, ਕਿਉਂਕਿ ਵਰਖਾ ਦੀ ਸਮਰੱਥਾ ਵੀ ਹੋਰ ਦੇਸ਼ ਵਿੱਚ ਲਗਾਤਾਰ ਘੱਟਦੀ ਜਾ ਰਹੀ ਹੈ। ਬਰਖਾ ਦੀ ਇਕਸਾਰਤਾ ਬਿਲਕੁਲ ਖਤਮ ਹੋ ਚੁੱਕੀ ਹੈ।

ਸੰਸਾਰ ਅੰਦਰ ਕੁੱਲ ਪਾਣੀ ਦੀ ਮਾਤਰਾ ਦਾ 70 ਫੀਸਦੀ ਖੇਤੀਬਾੜੀ ਦੇ ਕੰਮ ਆਉਂਦਾ ਹੈ, ਜਦੋਂਕਿ ਵਿਕਾਸ ਕਰ ਰਹੇ ਦੇਸ਼ਾਂ ਵਿੱਚ ਇਸ ਦੀ ਮਾਤਰਾ 85 ਫੀਸਦੀ ਹੋ ਜਾਂਦੀ ਹੈ। ਏਸ਼ੀਆ ਅੰਦਰ 50 ਫੀਸਦੀ ਪਾਣੀ ਸਿੰਚਾਈ ਦੇ ਹੀ ਕੰਮ ਆਉਂਦਾ ਹੈ। ਭਾਰਤ ਵਿੱਚ ਜਦੋਂ ਹਰਾ ਇਨਕਲਾਬ 1960 ਵਿੱਚ ਆਉਣਾ ਸ਼ੁਰੂ ਹੋਇਆ ਤਾਂ ਪਾਣੀ ਦੀ ਮੰਗ ਲਗਾਤਾਰ ਵੱਧਦੀ ਹੀ ਗਈ, ਪਰ ਫਸਲਾਂ ਦੀ ਹੇਰਫੇਰ ਕਾਰਨ ਸਿੰਚਾਈ ਮਾਤਰਾ 40 ਫੀਸਦੀ ਤੋਂ ਘੱਟ ਕੇ 30-35 ਫੀਸਦੀ ਹੀ ਰਹਿ ਗਈ। ਇੱਕ ਅੰਕੜੇ ਅਨੁਸਾਰ ਇੱਕ ਲਿਟਰ ਪਾਣੀ ਨਾਲ ਲੱਗਭੱਗ ਇੱਕ ਕਿਲੋ ਕਲੋਰੀ ਭੋਜਨ ਪ੍ਰਾਪਤ ਹੁੰਦਾ ਹੈ। ਦੱਖਣੀ ਏਸ਼ੀਆ ਵਿੱਚ 2500 ਅਫਰੀਕਾ ਵਿੱਚ 2200 ਕਿਲੋ ਕਲੋਰੀ ਹੁੰਦੀ ਹੈ, ਜਦੋਂਕਿ 2800 ਕਿਲੋ ਕਲੋਰੀ ਦੀ ਘੱਟੋ-ਘੱਟ ਲੋੜ ਹੈ। ਇਸ ਕੰਮ ਵਿੱਚ ਪਾਣੀ ਦੀ ਭੂਮਿਕਾ ਸਭ ਤੋਂ ਅਹਿਮ ਹੈ। ਜੇਕਰ ਅੱਜ ਤੱਕ ਕੁੱਲ ਸੰਸਾਰ ਵਿੱਚ ਚਾਵਲ ਅਤੇ ਕਣਕ ਦੀ ਪੈਦਾਵਾਰ ਵਧੀ ਹੈ ਤਾਂ ਉਸ ਦਾ ਮੁੱਖ ਕਾਰਣ ਪਾਣੀ ਹੀ ਹੈ। ਪਾਣੀ ਕਾਰਨ ਹੀ ਇਹ ਬੜੋਤਰੀ 40 ਫੀਸਦੀ ਜਿਆਦਾ ਹੋਈ। ਏਸ਼ੀਆ ਮਹਾਂਦੀਪ ਅੰਦਰ ਪਾਣੀ ਨੂੰ ਇਕੱਠਾ ਸੰਭਾਲਣ ਦੀ ਦਿੱਕਤ ਕਾਰਨ ਸਿੱਧਾ ਅਸਰ ਖੇਤੀਬਾੜੀ ਉੱਤੇ ਹੀ ਪੈਂਦਾ ਹੈ। ਇਸ ਕਰਕੇ ਹੀ ਇਸ ਮਹਾਂਦੀਪ ਅੰਦਰ ਜਮੀਨੀ ਪਾਣੀ ਨਾਲ ਸਭ ਤੋਂ ਜਿਆਦਾ ਸੋਸ਼ਣ ਕੀਤਾ ਜਾ ਰਿਹਾ ਹੈ। ਸਰਕਾਰਾਂ ਅੰਧਾਧੁੰਦ ਟਿਊਬਵੈੱਲਾਂ ਲਾਉਂਦੀਆਂ ਜਾਂਦੀਆਂ ਹਨ। ਬਿਜਲੀ ਸਬਸਿਡੀ ਉੱਤੇ ਦਿੱਤੀ ਜਾਂਦੀ ਹੈ। ਬੈਂਕ ਕਰਜ਼ੇ ਦਿੱਤੇ ਜਾਂਦੇ ਹਨ। 70 ਫੀਸਦੀ ਜਮੀਨੀ ਪਾਣੀ ਖੇਤੀਬਾੜੀ ਦੀ ਸਿੰਚਾਈ ਲਈ ਅਤੇ ਬਾਕੀ ਬਚਦਾ 80 ਫੀਸਦੀ ਪਾਣੀ ਘਰੇਲੂ ਜ਼ਰੂਰਤਾਂ ਲਈ ਹੀ ਇਸਤੇਮਾਲ ਹੁੰਦਾ ਹੈ।

ਧਰਤੀ ਅੰਦਰੋਂ ਕੱਢੇ ਜਾ ਰਹੇ ਪਾਣੀ ਦੇ ਇਨਕਲਾਬ ਕਾਰਣ ਹੀ ਖੇਤੀਬਾੜੀ ਅੰਦਰ ਹਰਾ ਇਨਕਲਾਬ ਆਇਆ, ਜਿਸ ਨਾਲ ਪੇਂਡੂ ਖੇਤਰ ਵਿੱਚ ਗਰੀਬਾਂ ਦੀ ਆਰਥਿਕ ਹਾਲਤ ਵਿੱਚ ਬਹੁਤ ਸੁਧਾਰ ਆਇਆ, ਪਰ ਭਾਰਤੀ ਯੋਜਨਾ ਕਮਿਸ਼ਨ ਦੇ ਇੱਕ ਅੰਕੜੇ ਅਨੁਸਾਰ ਖੇਤੀਬਾੜੀ ਲਈ ਦੇਸ਼ ਅੰਦਰ 30 ਫੀਸਦੀ ਬਿਜਲੀ ਇਸਤੇਮਾਲ ਹੁੰਦੀ ਹੈ, ਪਰ ਉਸ ਦੇ

ਬਾਕੀ ਸਫਾ II 'ਤੇ





## ਮਹਾਨ ਗਾਇਕ-ਮੁਹੰਮਦ ਰਫੀ

ਡਾ. ਮਨਮੋਹਨ

ਮੁਹੰਮਦ ਰਫੀ ਦਾ ਜਨਮ ਰਿਸ਼ੀਆਂ, ਮੁਨੀਆਂ ਅਤੇ ਗੁਰੂਆਂ ਦੀ ਧਰਤੀ ਅੰਮ੍ਰਿਤਸਰ ਦੇ ਨੇੜੇ ਪਿੰਡ ਕੋਟਲਾ ਸੁਲਤਾਨ ਸਿੰਘ ਵਿਖੇ 24 ਦਸੰਬਰ, 1924 ਈ. ਨੂੰ ਇੱਕ ਮੁਸਲਮਾਨ ਪਰਿਵਾਰ ਵਿੱਚ ਹਾਜੀ ਅਲੀ ਮੁਹੰਮਦ ਦੇ ਘਰ ਹੋਇਆ। ਆਪ ਬਚਪਨ ਤੋਂ ਹੀ ਗਾਉਣ-ਵਜਾਉਣ ਦੇ ਬੜੇ ਸ਼ੌਕੀਨ ਸਨ ਅਤੇ ਜਲੰਧਰ ਵਿਖੇ ਹਰਵਲਭ ਦੇ ਮੇਲੇ ਤੇ ਵੱਡੇ-ਵੱਡੇ ਉਸਤਾਦਾਂ ਦੇ ਰਾਗ ਸੁਣਨ ਜਾਂਦੇ ਸਨ ਅਤੇ ਖੁੱਦ ਆਪਣੇ ਰਾਗ ਸੁਣਾਉਂਦੇ ਸਨ। ਆਪ ਨੇ 13 ਸਾਲ ਦੀ ਛੋਟੀ ਉਮਰੇ ਹੀ ਦਿੱਲੀ ਤੇ ਲਾਹੌਰ ਦੇ ਸਟੇਸ਼ਨਾਂ ਤੋਂ ਗੀਤ ਗਾਉਣੇ ਸ਼ੁਰੂ ਕਰ ਦਿੱਤੇ ਸਨ। ਆਪ ਨੇ 1954 ਤੋਂ 1980 ਤੱਕ 26,000 ਗੀਤ ਗਾਏ। ਮੁਹੰਮਦ ਰਫੀ ਦੇ ਗੀਤਾਂ ਨੂੰ ਕਈਆਂ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ, ਜਿਵੇਂ ਸਿੱਖਿਆਦਾਇਕ ਗੀਤ, ਦੇਸ਼-ਭਗਤੀ ਦੇ ਗੀਤ, ਭਗਤੀ ਰਸ ਦੇ ਗੀਤ, ਹਾਸਰਸ ਦੇ ਗੀਤ, ਗੰਭੀਰ ਵਿਸ਼ਿਆਂ ਨਾਲ ਸਬੰਧਿਤ ਗੀਤ। ਇੱਥੇ ਇਨ੍ਹਾਂ ਗੀਤਾਂ ਦੀਆਂ ਕੁੱਝ ਉਦਾਹਰਣਾਂ ਦੇਣੀਆਂ ਅਸੰਗਤ ਨਹੀਂ ਹੋਣਗੀਆਂ।

ਸਿੱਖਿਆਦਾਇਕ ਗੀਤ ਅਜਿਹੇ ਗੀਤਾਂ ਵਿੱਚ ਆਪ ਨੇ ਮੁੱਖ ਜਾਤੀ ਨੂੰ ਪਿਆਰ ਦੀ ਪੀਂਘ ਪਾਉਣ ਦੀ ਸਿੱਖਿਆ ਦਿੱਤੀ ਹੈ ਕਿਉਂਕਿ

ਕਹਿ ਦੋ ਕੋਈ ਨਾ ਕਰੇ ਯਹਾਂ ਪਿਆਰ
ਇਸ ਮੇਂ ਖੁਸ਼ੀਆਂ ਹੈ ਕਮ,
ਬੇਸ਼ੁਮਾਰ ਹੈਂ ਗਮ।
ਇੱਕ ਖੁਸ਼ੀ ਔਰ ਆਂਸੂ ਹਜ਼ਾਰ,

ਦੇਸ਼ ਭਗਤੀ ਦੇ ਗੀਤ-ਅਜਿਹੇ ਗੀਤਾਂ ਵਿੱਚ ਆਪ ਭਾਰਤ ਵਾਸੀਆਂ ਨੂੰ ਇੱਕ ਸੂਬੇ ਨਾਲ ਨਹੀਂ, ਸਗੋਂ ਸਮੁੱਚੇ ਭਾਰਤ ਨਾਲ ਪਿਆਰ ਕਰਨ ਤੇ ਭਰਤੀ ਹੋਣ ਦਾ ਗੌਰਵ ਦੱਸਦੇ ਹਨ-

ਗੰਗਾ ਮੇਰੀ ਮਾਂ ਕਾ ਨਾਮ,
ਬਾਪ ਕਾ ਨਾਮ ਹਿਮਾਲਾ।
ਅਬ ਤੁਮ ਖੁਦ ਹੀ ਫੈਸਲਾ ਕਰ ਲੋ,
ਮੈਂ ਕਿਸ ਸੂਬੇ ਵਾਲਾ।

ਆਪ ਨੂੰ ਹੋਰ ਕਈ ਭਾਸ਼ਾਵਾਂ ਤੋਂ ਇਲਾਵਾ ਪੰਜਾਬੀ ਵਿੱਚ ਬਹੁਤ ਸਾਰੇ ਗੀਤ ਗਾਉਣ ਦਾ ਮਾਣ ਪ੍ਰਾਪਤ ਹੈ। ਪੰਜਾਬ ਨੂੰ ਇਸ ਗੱਲ ਦਾ ਮਾਣ ਹੈ ਕਿ ਆਪ ਨੇ ਆਪਣੀ ਜ਼ਿੰਦਗੀ ਦਾ ਸਭ ਤੋਂ ਪਹਿਲਾ ਨਗਮਾ ਸ਼ਾਮ-ਸੁੰਦਰ ਦੀ ਪੰਜਾਬੀ ਫਿਲਮ ਵਿੱਚ ਗਾਇਆ ਸੀ। ਜਿਸ ਦੇ ਬੋਲ ਸਨ-

ਸੋਹਣੀਏ ਹੀਰੀਏ ਨੀ
ਤੇਰੀ ਯਾਦ ਬਹੁਤ ਸਤਾਇਆ।

ਮੁਹੰਮਦ ਰਫੀ ਨੇ 10 ਕਿਤਾਬਾਂ ਦੀ ਸੰਪਾਦਨਾ ਕੀਤੀ, ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ-

1. ਪੀੜਾਂ ਦਾ ਪਰਾਗਾ-ਇਹ ਕਾਵਿ-ਸੰਗੀਤ ਸ਼ਿਵ ਕੁਮਾਰ ਦੀਆਂ ਪਹਿਲੀਆਂ ਕਵਿਤਾਵਾਂ ਦਾ ਹੈ, ਜੋ 1960 ਈ. ਵਿੱਚ ਪ੍ਰਕਾਸ਼ਿਤ ਹੋਇਆ ਸੀ। ਇਸ ਪੁਸਤਕ ਵਿੱਚ 25 ਕਵਿਤਾਵਾਂ, ਗੀਤ ਅਤੇ ਗਜ਼ਲਾਂ ਹਨ। ਉਸ ਪੀੜਾ ਦੀ ਜਵਾਨੀ ਹੰਢਾਈ ਸੀ। ਇਸ ਪੁਸਤਕ ਦੀਆਂ ਕਵਿਤਾਵਾਂ ਦੀ ਪੀੜਾ ਆਤਮ ਤੋਂ ਅਨਾਤਮ ਵੱਲ ਯਾਤਰਾ ਕਰਦੀ ਹੈ ਜਿਵੇਂ-

ਮੈਂ ਕੰਡਿਆਲੀ ਥੋਰ ਵੇ ਸੱਜਣਾ,
ਉੱਗੀ ਕਿਤੇ ਕੁਰਾਹੇ।
ਨਾ ਕਿਸੇ ਮਾਲੀ ਸਿੰਜਿਆ ਮੈਨੂੰ
ਨਾ ਕੋਈ ਸਿੰਜਣਾ ਚਾਹੇ
(ਕੰਡਿਆਲੀ ਥੋਰ)
ਬਿਰਹਣ ਜਿੰਦ ਮੇਰੀ ਨੇ ਸਹੀਓ
ਕੋਹ ਇੱਕ ਹੋਰ ਮੁਕਾਇਆ ਨੀ
ਪੱਕਾ ਮੀਲ ਮੌਤ ਦਾ ਨਜ਼ਰੀਂ
ਅਜੇ ਵੀ ਨਾ ਪਰ ਆਇਆ ਨੀ।
ਪੀੜਾਂ ਪਾ-ਪਾ ਪੂਰ ਲਿਆ,
ਮੈਂ ਦਿਲ ਦਾ ਖੂਹਾ ਖਾਰਾ ਨੀ
ਪਰ ਬਦਬਖਤ ਨਾ ਸੁਕਿਆ ਅੱਖਰਾ
ਇਹ ਕਰਮਾਂ ਦਾ ਮਾਰਾ ਨੀ

2. ਲਾਜਵੰਤੀ-ਇਹ ਪੁਸਤ 1961 ਵਿੱਚ ਪ੍ਰਕਾਸ਼ਿਤ ਹੋਈ ਸੀ। ਇਸ ਪੁਸਤਕ ਵਿੱਚ ਅੱਠ ਗੀਤ ਇੱਕ ਗਜ਼ਲ, ਪੰਦਰਾਂ ਕਵਿਤਾਵਾਂ ਹਨ। ਗਰਭਵਤੀ ਕਵਿਤਾ ਵਿੱਚ ਸ਼ਿਵ ਕੁਮਾਰ ਨੇ ਇਸਤਰੀ ਦੇ ਅਰਮਾਨਾਂ ਨੂੰ ਕੁਚਲਿਆ ਹੋਇਆ ਚਿਤਰਿਆ ਹੈ। ਉਹ ਕਿੱਧਰ ਜਾਵੇ, ਕਿਸ ਮਰੀਅਮ ਨੂੰ ਆਪਣਾ ਹਾਲ ਸੁਣਾਏ ਜਿਵੇਂ-

ਤਨ ਦੀ ਸੰਦਲੀ ਗੋਲੀ ਵਿੱਚੋਂ,
ਇਹ ਕੇਹੀ ਖੁਸ਼ਬੋ ਪਈ ਆਵੇ।
ਜੀਕਣ ਹਿੰਗ ਕਪੂਰੀ ਦੇ ਵਿੱਚ
ਛਿਣ ਮਾਰੀ ਡੁੱਲ੍ਹ ਜਾਵੇ
(ਤੇ ਮਰਨ ਸਗੰਧੀਆਂ)
ਔਰਤ ਤਾਂ ਇੱਕ ਉਹ ਪੰਛੀ ਹੈ
ਜਿਸ ਨੂੰ ਸੋਨੇ ਦੇ ਪਿੰਜਰੇ ਵਿੱਚ
ਮੁੱਠ ਸਾਰੀ ਬੱਸ ਕੰਙਣੀ ਪਾ ਕੇ
ਟੰਗ ਦਿੱਤਾ ਹੈ ਜਾਂਦਾ

3. ਆਟੇ ਦੀਆਂ ਚਿੜੀਆਂ-ਇਹ ਤੀਜੀ ਪੁਸਤਕ ਜੋ 1962 ਈ. ਵਿੱਚ ਪ੍ਰਕਾਸ਼ਿਤ ਹੋਈ ਸੀ। ਇਸ ਪੁਸਤਕ ਵਿੱਚ 25 ਕਵਿਤਾਵਾਂ ਹਨ।

ਚਾਨਣੀ ਰਾਤ ਵਿੱਚ
ਸੁੱਤੀ ਇਹ ਪਹਾੜੀ ਬਸਤੀ
ਕਸਮ ਤੇਰੀ ਮੇਰੇ ਦੋਸਤ ਬੜੀ ਪਿਆਰੀ ਹੈ
ਉਹ ਵੇਖ ! ਤਾਂ ਦੋ ਦੂਰ ਪਹਾੜਾਂ ਵੱਲੋਂ
ਜਿਉਂ ਬਾਲ ਵਿਧਵਾ ਕਿਸ ਕਾਮ ਸੱਤੀ ਨੇ
ਨਜ਼ਰ ਬਚਾ ਕੇ ਆਪਣੀ ਨਜ਼ਰ ਦੀ ਅਹਿਣ ਤੋਂ
ਡਰਦੀ ਡਰਦੀ ਨੇ ਹਿੱਕ ਉਭਾਰੀ ਹੈ

4. ਮੈਨੂੰ ਵਿਦਾ ਕਰੋ-ਇਸ ਪੁਸਤਕ ਵਿੱਚ 25 ਕਵਿਤਾਵਾਂ ਹਨ। ਇਨ੍ਹਾਂ ਕਵਿਤਾਵਾਂ ਵਿੱਚ ਨਿਰਾਸ਼ਾ ਉਪਰਾਮਤਾ ਅਤੇ ਬਿਰਹਾ ਦੀਆਂ ਬੇਚੈਨ ਘੜੀਆਂ ਜਿਨ੍ਹਾਂ ਵਿੱਚ ਸ਼ਿਵ ਕੁਮਾਰ ਵਿਚਰਦਾ ਹੈ ਅਤੇ ਸੰਸਾਰ ਤੋਂ ਵਿਦਾ ਹੋਣ ਨੂੰ ਲੋਚਦਾ ਹੈ।

ਮੈਨੂੰ ਵਿਦਾ ਕਰੋ
ਕੋਸਾ ਹੰਝੂ ਸ਼ਗਨ ਪਾਓ ਸਾਨੂੰ
ਰਿਹਾ ਤਲੀ ਧਰੋ
ਤੇ ਮੈਨੂੰ ਵਿਦਾ ਕਰੋ

5. ਦਰਦਮੰਦਾਂ ਦੀਆਂ ਆਹੀਂ

6. ਬਿਰਹਾਂ ਤੂੰ ਸੁਲਤਾਨ

ਇਹ ਪੁਸਤਕ ਵੀ 1964 ਵਿੱਚ ਪ੍ਰਕਾਸ਼ਿਤ ਹੋਈ ਹੈ। ਸ਼ਿਵ ਕੁਮਾਰ ਨੇ ਬਾਬਾ ਫਰੀਦ ਵਾਂਗ ਬਿਰਹਾ ਨੂੰ ਸੁਲਤਾਨ ਕਿਹਾ ਹੈ ਅਤੇ ਬਿਰਹਾ ਦੀ ਪ੍ਰਕਿਰਤੀ ਨੂੰ ਚਿਤਾਰਿਆ ਹੈ। ਬਿਰਹਾ ਮਨੁੱਖ ਦੇ ਜਨਮ ਤੋਂ ਹੀ ਪਰਛਾਵੇਂ ਵਾਂਗੂ ਉਸ ਦੇ ਨਾਲ-ਨਾਲ ਰਹਿੰਦਾ ਹੈ ਜਿਵੇਂ-

ਬਿਰਹਾ ਬਿਰਹਾ ਆਖੀਏ
ਬਿਰਹਾ ਤੂੰ ਸੁਲਤਾਨ
ਜਿਸ ਤਨ ਬਿਰਹਾ ਨਾ ਉਪਜੇ

ਬਾਕੀ ਸਫਾ II 'ਤੇ



## ਅਸਲੀ ਭਿਖਾਰੀ

ਬੀਰਬਲ ਧਾਲੀਵਾਲ

ਵਿਜੈ ਦੁਕਾਨ 'ਤੇ ਬੈਠਾ ਅਖਬਾਰ ਪੜ੍ਹ ਰਿਹਾ ਸੀ, ਉਦੋਂ ਹੀ ਇੱਕ ਬਾਬੂ ਜੀ ਆਏ। ਉਹ ਦੂਰ ਸੰਚਾਰ ਵਿਭਾਗ ਵਿੱਚ ਲਾਇਨਮੈਨ ਲੱਗੇ ਸ਼ਾਮ ਲਾਲ ਸਨ। ਉਨ੍ਹਾਂ ਆਉਂਦਿਆਂ ਹੀ ਵਿਜੈ ਨੂੰ ਨਮਸਤੇ ਕੀਤੀ। ਦੋਵਾਂ ਹੱਥ ਮਿਲਾਇਆ ਅਤੇ ਬੈਠ ਗਏ। ਵਿਜੈ ਦੀ ਕਰਿਆਨੇ ਦੀ ਦੁਕਾਨ ਸੀ। ਦੁਕਾਨ ਵਿੱਚ ਐੱਸ.ਟੀ.ਡੀ. ਲੱਗੀ ਹੋਈ ਸੀ। ਅੱਜ ਦਿਵਾਲੀ ਦਾ ਤਿਉਹਾਰ ਸੀ। ਸ਼ਾਮ ਲਾਲ ਬੋਲਿਆ ਹੋਰ ਸੇਠ ਜੀ ਕੀ ਕਹਿੰਦੀ ਆ ਦੀਵਾਲੀ ਕਿਵੇਂ ਐ ਕੰਮਕਾਰ ਅੱਜ ਪਿਛਲੇ ਸਾਲਾਂ ਮੁਕਾਬਲ ਰੌਣਕ ਘੱਟ ਹੀ ਹੈ, ਵਿਜੈ ਬੋਲਿਆ ਕਿਹੜੇ ਕੰਮ ਰਹਿ ਗਏ ਜੀ ਹੁਣ ਤਾਂ ਪਿੰਡਾਂ ਵਾਲੇ ਲੋਕ ਬਹੁਤ ਸਿਆਣੇ ਹੋ ਗਏ ਨੇ। ਖਰਚਾ ਬਹੁਤ ਘੱਟ ਕਰਦੇ ਨੇ। ਐਤਕੀਂ ਤਾਂ ਫਸਲ ਵੀ ਵਧੀਆ ਹੋਈ ਹੈ, ਪਰ ਫੇਰ ਵੀ ਗਾਹਰ ਬਹੁਤ ਘੱਟ ਪਿਆ। ਇੱਕੋ ਪਿੰਡ ਵਿੱਚ ਦੁਕਾਨਾਂ ਬਹੁਤਿ ਗਈਆਂ ਨੇ। ਹਰ ਇੱਕ ਚੀਜ਼ ਪਿੰਡ ਵਿੱਚ ਮਿਲ ਜਾਂਦੀ ਹੈ, ਪਰ ਫੇਰ ਕੋਈ ਸ਼ਹਿਰ ਕੀ ਲੈਣ ਆਓ। ਓਹੋ ਮੈਂ ਤਾਂ ਗੱਲਾਂ ਵਿੱਚ ਚਾਹ ਪਾਣੀ ਪੁਛਣਾ ਭੁੱਲ ਗਿਆ ਜਾਂ ਓਏ ਰਾਮੂ ਦੋ ਕੱਪ ਵਧੀਆ ਜਿਹੀ ਚਾਹ ਕਹਿ ਕੇ ਆ ਜੇ ਤੂੰ ਪੀਣੀ ਤਿੰਨ ਕਹਿ ਆਈ। ਰਾਮੂ ਚਾਹ ਕਹਿਣ ਚੱਲਾ ਗਿਆ, ਉਦੋਂ ਹੀ ਦੋ ਛੋਟੇ ਬੱਚੇ ਪਾਟੇ ਕੱਪੜੇ ਪਾ ਕੇ ਦੁਕਾਨ ਅੱਗੇ ਆ ਖੜ੍ਹ ਗਏ। ਬਾਬੂ ਜੀ ਇੱਕ ਰੁਪਈਆ ਦੇ ਦਿਓ ਤਰਲੇ ਕਰਨ ਲੱਗੇ। ਵਿਜੈ ਦੇ ਬੋਲਣ ਤੋਂ ਪਹਿਲਾਂ ਹੀ ਸ਼ਾਮ ਲਾਲ ਨੇ ਚਿੜਕ ਦਿੱਤੇ ਚੱਲ ਓਏ ਅੱਗੇ ਹੋ ਉਹ ਗਏ ਹੀ ਸਨ।

ਇੱਕ ਬੁੱਢੀ ਔਰਤ ਭੀਖ ਮੰਗਣ ਆ ਗਈ, ਉਸ ਤੋਂ ਬਾਅਦ ਦੋ ਭਿਖਾਰੀ ਹੋਰ ਆ ਗਏ। ਸ਼ਾਮ ਲਾਲ ਖਿੱਝ ਗਿਆ। ਵਿਜੈ ਨੂੰ ਕਹਿਣ ਲੱਗਾ ਕੀ ਯਾਰ ਇਨ੍ਹਾਂ ਭਿਖਾਰੀਆਂ ਨੇ ਵੀ ਸ਼ਰਮ ਲਾ ਰੱਖੀ ਐ। ਕੰਮ ਭੋਰਾ ਕਰਨਾ ਨਹੀਂ ਵਿਹਲੇ ਖਾਂਦੇ ਆ ਪੁੱਛਣ ਵਾਲਾ ਹੋਵੇ ਸਾਲਿਓ ਪੈ ਝਾੜ ਨਾਲ ਲੱਗਦੇ ਆ ਗੌਰਮਿੰਟ ਨੂੰ ਭੀਖ ਮੰਗਣ ਤੇ ਪਾਬੰਦੀ ਲਾਉਣੀ ਚਾਹੀਦੀ ਹੈ। ਉਹ ਬੋਲ ਹੀ ਰਿਹਾ ਸੀ ਕਿ ਚਾਹ ਵਾਲਾ ਚਾਹ ਲੈ ਆਇਆ। ਉਹ ਚਾਹ ਪੀਣ ਲੱਗ ਪਏ। ਚਾਹ ਦੇ ਕੱਪ ਖਾਲੀ ਕਰਕੇ ਰੱਖ ਦਿੱਤੇ। ਵਿਜੈ ਬੋਲਿਆ ਦੱਸੋ ਸ਼ਾਮ ਲਾਲ ਜੀ ਕੀ ਸੇਵਾ ਕਰੀਏ। ਬੱਸ ਸੇਠ ਜੀ ਥੋਨੂੰ ਪਤਾ ਹੀ ਹੈ ਕਿ ਦੀਵਾਲੀ ਦਾ ਤਿਉਹਾਰ ਜਿੰਨੇ ਮਰਜੀ ਦੇ ਦਿਓ ਪਹਿਲਾਂ ਸੌ ਰੁਪਏ ਦਿੰਦੇ ਹੋ, ਐਤਕੀਂ ਖੁਸ਼ ਹੋ ਕੇ ਦੋ ਸੌ ਦੇ ਦਿਓ। ਵਿਜੈ ਨੇ ਹਰ ਤਿਉਹਾਰ ਦੀ ਤਰ੍ਹਾਂ ਗਲੇ ਵਿੱਚੋਂ ਦੋ ਨੋਟ ਸੌ ਸੌ ਦੇਕੱਢੇ ਅਤੇ ਲਾਇਨਮੈਨ ਨੂੰ ਫੜ੍ਹਾ ਦਿੱਤੇ, ਉਹ ਖਚਰੀ ਹਾਸੀ ਹੱਸਦਾ ਹੋਇਆ ਨੋਟ ਜੇਬ ਵਿੱਚ ਪਾ ਤੁਰ ਪਿਆ। ਵਿਜੈ ਜਾਂਦੇ ਮੁਲਾਜ਼ਮ ਵੱਲ ਵੇਖ ਸੋਚ ਰਿਹਾ ਸੀ। ਅਸਲੀ ਭਿਖਾਰੀ ਕੌਣ ਹੈ ਉਹ ਤਾਂ ਸਿਰਫ ਇੱਕ ਰੁਪਿਆ ਮੰਗਦੇ ਹਨ। ਜੇ ਵੀਹ ਮੰਗਤੇ ਵੀ ਆ ਜਾਣ ਤਾਂ ਵੀਹ ਰੁਪਏ ਲੱਗੇ, ਪਰ ਇਹ ਤਾਂ ਉਨ੍ਹਾਂ ਨਾਲੋਂ ਵੀ ਵੱਡਾ ਭਿਖਾਰੀ ਹੈ। ਜੋ ਸਰਕਾਰ ਤੋਂ ਦੱਸ ਹਜ਼ਾਰ-ਹਜ਼ਾਰ ਰੁਪਏ ਤਨਖਾਹ ਲੈ ਕੇ ਵੀ ਹਰ ਲੋਹੜੀ ਦਿਵਾਲੀ ਸੌ ਸੌ ਰੁਪਏ ਭੀਖ ਲੈ ਜਾਂਦਾ ਹੈ, ਜੋ ਆਪ ਦਾ ਹੱਕ ਹੀ ਸਮਝਦਾ ਸੀ। ਹੁਣ ਵਿਜੈ ਦੀ ਸਮਝ ਵਿੱਚ ਆ ਗਿਆ ਸੀ ਕਿ ਅਸਲੀ ਭਿਖਾਰੀ ਕੌਣ ਹੈ।



ਹਾਸ-ਵਿਅੰਗ

## ਮੀਰਜ਼ਾਦਾ ਕੋਟ-ਪੈਂਟ

ਡਾ. ਸਾਧੂ ਰਾਮ ਲੰਗੇਆਣਾ



ਸਿਆਲਾਂ ਦੇ ਦਿਨਾਂ ਵਿੱਚ ਤਾਏ ਨਰੈਂਣੇ ਨੇ ਆਪਣੇ ਪੁੱਤਰ ਛਿੰਦੇ ਨੂੰ ਬਾਜ਼ਾਰੋਂ ਇੱਕ ਵਧੀਆ ਗਰਮ ਕੱਪੜੇ ਤੇ ਮਹਿੰਗੇ ਮੁੱਲ ਦਾ ਕੋਟ ਪੈਂਟ ਲਿਆ ਕੇ ਦਿੱਤਾ ਛਿੰਦਾ ਕੁਝ ਮਨਮਤੀਆਂ ਤੇ ਝਗੜਾਲੂ ਜਿਹੇ ਸੁਭਾਅ ਦਾ ਇਨਸਾਨ ਸੀ। ਉਸ ਨੇ ਤਾਏ ਦਾ ਲਿਆਂਦਾ ਕੋਟ ਪੈਂਟ ਪਸੰਦ ਨਾ ਕੀਤਾ ਤਾਇਆ ਵਿਚਾਰਾ ਕੁਝ ਦਿਨਾਂ ਬਾਅਦ ਫਿਰ ਬਾਜ਼ਾਰ ਗਿਆ ਤੇ ਕੋਟ ਪੈਂਟ ਬਦਲਾ ਕੇ ਲਿਆ ਦਿੱਤਾ ਪਰ ਅੱਗੋਂ ਛਿੰਦੇ ਪੁੱਤ ਦੇ ਫਿਰ ਪਸੰਦ ਨਾ ਆਇਆ, ਤਾਇਆ ਫਿਰ ਕੁਝ ਦਿਨਾਂ ਬਾਅਦ ਬਾਜ਼ਾਰ ਗਿਆ ਤਾਂ ਅੱਗੋਂ ਦੁਕਾਨਦਾਰ ਨੇ ਵੀ ਕੋਟ ਪੈਂਟ ਬਦਲਣ ਤੋਂ ਕੁਝ ਨੋਕ-ਝੋਕ ਜਿਹੀ ਤਾਂ ਕੀਤੀ ਪਰ ਸਿਰਫ਼ ਇਸ ਵਾਰ ਹੀ ਕੋਟ-ਪੈਂਟ ਬਦਲ ਕੇ ਦੇਣ ਵਾਲੀ ਗੱਲ ਵੀ ਤਾਏ ਦੇ ਕੰਨੀਂ ਪਾ ਦਿੱਤੀ

ਤਕਾਲਾਂ ਵੇਲਾ ਜਿਹੀ ਹੋਇਆ ਵਾ ਤਾਇਆ ਕੋਟ -ਪੈਂਟ ਲੈ ਕੇ ਘਰ ਪਹੁੰਚਿਆ ਅੱਗੋਂ ਛਿੰਦੇ ਪੁੱਤ ਦੇ ਕੋਟ ਪੈਂਟ ਫਿਰ ਨਖਰੇ ਥੱਲੇ ਨਾਂ ਆਇਆ ਤੇ ਗਲੀ ਦੇ ਨਾਲ ਲੱਗਦੀ ਬੈਠਕ ਵਿੱਚ ਦੋਵੇਂ ਪਿਉ-ਪੁੱਤ ਕੋਟ-ਪੈਂਟ ਦੇ ਮਸਲੇ ਨੂੰ ਲੈ ਕੇ ਇੱਕ ਦੂਜੇ 'ਤੇ ਨਜ਼ਲਾ ਝਾੜਨ ਲੱਗ ਪਏ, ਛਿੰਦਾ ਕਹਿੰਦਾ,'ਮੈਂ ਕਿਹੜਾ ਮਰਾਸੀਆਂ ਦਾ ਪੁੱਤ ਐਂ...ਜਿਹੜਾ ਐਹੋ ਜਿਹਾ ਘਟੀਆ ਤੇ ਸਸਤੇ ਮੁੱਲ ਦਾ ਕੋਟ ਪੈਂਟ ਪਾਵਾਂ, ਤਾਂ ਅੱਗੋਂ ਤਾਇਆ ਕਹਿੰਦਾ, "ਮੈਂ ਵੀ ਕਿਹੜਾ ਮਰਾਸੀ ਐਂ ਜਿਹੜਾ ਤੇਰੇ ਕੋਟ-ਪੈਂਟ ਪਿੱਛੇ ਵਾਰ-ਵਾਰ ਚੱਕਰ ਕੱਟਦਾ ਹੋਇਆ ਜੁੱਤੀ ਘਸਾਉਂਦਾ ਫਿਰਾਂ।

ਇਹ ਕਹਿੰਦਿਆਂ ਕੁਦਰਤ ਵੱਲੋਂ ਮੀਰਜ਼ਾ ਦਾ (ਮਰਾਸੀ) ਵੀ ਕੋਲ ਦੀ ਲੰਘਿਆ ਜਾ ਰਿਹਾ ਸੀ ਤੇ ਉਹਦੇ ਦੋਵੇਂ ਪਿਉ-ਪੁੱਤਾਂ ਦੀ ਮਰਾਸੀ ਜਾਤ ਪਰਖਣ ਵਾਲੀ ਗੱਲ ਕੰਨੀਂ ਪੈ ਗਈ, ਮੀਰਜ਼ਾਦੇ ਨੇ ਤਾਏ ਕੀ ਬੈਠਕ ਦੀ ਗਲੀ ਵਾਲੀ ਖਿੜਕੀ ਰਾਹੀਂ ਅੱਖੀਂ ਕੰਨੀਂ ਸਾਰਾ ਅੰਦਰਲਾ ਦ੍ਰਿਸ਼ ਭਾਂਪ ਲਿਆ, ਦੋਵਾਂ ਦੇ ਜਿਦੋ ਜੁਦਾਈ ਕਰਦਿਆਂ ਅਚਾਨਕ ਬਿਜਲੀ ਚਲੀ ਗਈ ਤੇ ਦੋਵੇਂ ਪਿਉ ਪੁੱਤ ਗਰਮ ਦਲੀਏ ਵਿੱਚ ਬਾਹਰ ਵਿਹੜੇ ਚ ਜਾ ਕੇ ਫਿਰ ਮਿਹਣੋ-ਮਿਹਣੀ ਹੋਈ ਗਏ ਏਨੇ ਨੂੰ ਸਮਾਂ ਹੋਰ ਵੀ ਘੁਸਮੁਸਾ ਜਿਹਾ ਹੋ ਗਿਆ ਸੀ। ਲਾਈਟ ਗੁੱਲ ਹੋਈ ਦਾ ਲਾਭ ਉਠਾਉਂਦਿਆਂ ਮੀਰਜ਼ਾਦਾ ਵੀ ਤਾਏ ਕੇ ਘਰ ਦੇ ਖੁੱਲ੍ਹੇ ਬੂਹੇ ਵਿੱਚ ਦੀ ਅੱਖ ਬਚਾ ਕੇ ਉਹਨਾਂ ਦੀ ਕੋਟ-ਪੈਂਟ ਵਾਲੀ ਬੈਠਕ 'ਚ ਜਾ ਵੱਜਿਆ ਤੇ ਉਹਨੇ ਫਟਾਫਟ ਕੋਟ-ਪੈਂਟ ਚੁੱਕ ਕੇ ਆਪਣੇ ਤਨ 'ਤੇ ਪਹਿਨ ਲਿਆ ਅਤੇ ਤੇਜ਼ੀ ਨਾਲ ਉਹਨਾਂ ਕੋਲ ਵਿਹੜੇ ਚ ਆ ਕੇ ਕਹਿਣ ਲੱਗਾ..ਕਿ ਪਰਬਾ ਕਿਉਂ ਐਵੇਂ ਹਨ੍ਹੇਰੇ ਵਿੱਚ ਈ ਲੜੀ ਜਾਂਦੇ ਓ।

ਏਨੇ ਨੂੰ ਬਿਜਲੀ ਵੀ ਆ ਗਈ, ਚਾਨਣ ਹੁੰਦਿਆਂ ਹੀ ਮੀਰਜ਼ਾਦੇ 'ਤੇ ਨਿਗ੍ਹਾ ਪੈਂਦਿਆਂ ਤਾਇਆ ਨਰੈਂਣਾ ਉਸ ਵੱਲ ਇਸ਼ਾਰਾ ਕਰ ਛਿੰਦੇ ਨੂੰ ਕਹਿਣ ਲੱਗਾ ਕਿ ਵੇਖ ਅੱਜ ਮੀਰਜ਼ਾਦਾ ਵੀ ਕੋਟ-ਪੈਂਟ ਪਾ ਕੇ ਮੀਰਜ਼ਾਦੇ ਤੋਂ ਅਮੀਰਜ਼ਾਦਾ ਬਣਿਆ ਫਿਰਦੈ ਤਾਂ ਅੱਗੋਂ ਛਿੰਦਾ ਵੀ ਮੀਰਜ਼ਾਦੇ ਵੱਲ ਝਾਤੀ ਮਾਰ ਕਹਿਣ ਲੱਗਾ ਤਾਂ ਹੀ ਤਾਂ ਮੈਂ ਥੋਨੂੰ ਕਿਹਾ ਸੀ ਕਿ ਮੈਂ ਕਿਹੜਾ ਮਰਾਸੀ ਦਾ ਪੁੱਤ ਐਂ ਜਿਹੜਾ ਐਹੋ ਕਿਹਾ ਕੋਟ-ਪੈਂਟ ਪਾਵਾਂ ਵੇਖਿਆ ਨਾ ਹੁਣ ਮੇਰੀ ਗੱਲ ਸੱਚ ਹੋਈ

ਪਰਬਾ ਅਸਲ ਕਹਾਣੀ ਕੀ ਐ ਜਿਹੜੇ ਤੁਸੀਂ ਦੋਵੇਂ ਪਿਉ ਪੁੱਤਰ ਐਨੇ ਲੋਹੇ-ਲਾਖੇ ਹੋਏ ਫਿਰਦੇ ਓ ਮੀਰਜ਼ਾਦੇ ਨੇ ਕਿਹਾ, ਚੱਲ ਦਾਦਾ ਬੈਠਕ ਚ ਚੱਲੀਏ ਤੈਨੂੰ ਗੱਲ ਸਮਝਾਵਾਂ, ਚੱਲ ਓਏ ਛਿੰਦਿਆ ਤੂੰ ਵੀ ਆ, ਤਾਏ ਨਰੈਂਣੇ ਨੇ ਦੋਵਾਂ ਨੂੰ ਬੋਲ ਮਾਰਦਿਆਂ ਕਿਹਾ ਜਦੋਂ ਤਿੰਨੋਂ ਜਾਣੇ ਬੈਠਕ ਤਾਂ ਅੱਗੋਂ ਕੋਟ-ਪੈਂਟ ਗਾਇਬ ਸੀ

ਹੱਕਾ-ਬੱਕਾ ਹੋਇਆ ਤਾਇਆ ਕਹਿਣ ਲੱਗਾ ਹਾਏ...ਹਾਏ..ਕੋਟ-ਪੈਂਟ ਕਿੱਧਰ ਗਿਆ, ਮੈਂ ਤਾਂ ਮਸਾਂ 1600 ਦਾ ਖ਼ਰੀਦ ਕੇ ਲਿਆਂਦਾ ਸੀ ਛਿੰਦਾ ਕਹਿਣ ਲੱਗਾ ਹਾਏ...ਹਾਏ..ਬੜੇ ਮਹਿੰਗੇ ਭਾਅ ਦਾ ਤੇ ਗਰਮ ਕੱਪੜੇ ਦਾ ਸੀ ਫਿਰ ਦੋਵਾਂ ਨੇ ਮੀਰਜ਼ਾਦੇ ਵੱਲ ਗੌਹ ਨਾਲ ਜਦੋਂ ਦੇਖਿਆ ਤਾਂ ਦੋਵਾਂ ਦੇ ਦੰਦ ਜੁੜ ਗਏ ਪਰ ਪਿਉ ਪੁੱਤ ਚੋਂ ਕਿਸੇ ਦਾ ਵੀ ਜੇਰਾ ਨਾ ਪਿਆ ਕਿ ਉਹ ਮੀਰਜ਼ਾਦੇ ਨੂੰ ਕੋਟ ਪੈਂਟ ਉਤਾਰਨ ਬਾਰੇ ਕਹਿਣ ਚੁੱਪ-ਚਾਂਦ ਦਾ ਫਾਇਦਾ ਉਠਾਉਂਦਿਆਂ ਮੀਰਜ਼ਾਦਾ ਕਹਿਣ ਲੱਗਾ ਕਹਾਣੀ ਲੁੱਕ-ਲੁੱਕ ਵਰਤ ਗਈ, ਹੁਣ ਕਿਉਂ ਪਰਤ ਗਈ, ਅੱਛਾ ਪਰਬਾ ਹਨ੍ਹੇਰਾ ਕਾਫ਼ੀ ਹੋ ਚੁੱਕਿਐਂ ਤੁਸੀਂ ਸ਼ਾਂਤੀ ਨਾਲ ਰਹੋ ਮੈਂ ਵੀ ਚੱਲਦੈਂ ... ਰੱਬ ਭਲਾ ਕਰੇ... ਟਿੱਚਰ ਨਾ ਕਰੀਏ ਮਰਾਸੀ ਜਾਤ ਨੂੰ, ਸੋਟੀ ਢੀਂਗੇ ਬਿਨ ਤੁਰੀਏ ਨਾ ਰਾਤ ਨੂੰ, ਜਾਂਦਾ-ਜਾਂਦਾ ਮੀਰਜ਼ਾਦਾ ਪਰਬਾ ਕੀ ਗੁੱਠ ਵਿੱਚ ਖੜ੍ਹੀ ਸੰਮਾਂ ਵਾਲੀ ਡਾਂਗ ਵੀ ਚੁੱਕਦਿਆਂ ਇਨ੍ਹਾਂ ਸ਼ਬਦਾਂ ਦਾ ਉਚਾਰਨ ਕਰ ਗਿਆ...

## ਨਵੇਂ ਭਾਅ ਜੀ

ਸਾਂਝਾਂ ਆਰ-ਪਾਰ ਦੀਆਂ -11



ਹਰਭਜਨ ਸਿੰਘ ਬਰਾੜ
92161-44432

ਇੱਕ ਦਿਨ ਫਗਵਾੜੇ ਵਾਲਾ ਕੁਲਦੀਪ ਏਜੰਟ ਸ਼ਾਮ ਨੂੰ ਅੰਮ੍ਰਿਤਸਰ ਮੇਰੇ ਘਰ ਆਇਆ। ਉਹ ਮੇਰਾ ਕਾਫ਼ੀ ਪੁਰਾਣਾ ਯਾਰ ਸੀ। ਅਸੀਂ ਕਈ ਵਾਰੀ ਕਾਬਲ, ਈਰਾਨ, ਲਿਬਨਾਨ, ਸੀਰੀਆ, ਜੋਰਡਨ, ਤੁਰਕੀ ਇਕੱਠੇ ਹੁੰਦੇ ਰਹਿੰਦੇ ਸੀ। ਉਹ ਵੀ ਆਦਮੀਆਂ ਨੂੰ ਬਾਹਰਲੇ ਮੁਲਕਾਂ ਵਿੱਚ ਲੈ ਕੇ ਜਾਂਦਾ ਸੀ। ਪਹਿਲਾਂ ਉਸ ਦਾ ਕੰਮ ਕਾਫ਼ੀ ਚੰਗਾ ਸੀ। ਉਸ ਨੇ ਕਾਫ਼ੀ ਮੁੰਡੇ ਬਾਹਰ ਭੇਜੇ ਵੀ ਪਰ ਪਤਾ ਨਹੀਂ ਕੀ ਹੋਇਆ ਕਿ ਉਸ ਦੇ ਪੰਜਸੱਤ ਬੰਦੇ ਵਾਪਿਸ ਮੁੜ ਆਏ ਸਨ। ਉਸ ਦੇ ਬੱਚੇ ਅਤੇ ਪਰਿਵਾਰ ਫਗਵਾੜੇ ਹੀ ਰਹਿੰਦੇ ਸਨ। ਜਿਨ੍ਹਾਂ ਦੇ ਬੰਦੇ ਵਾਪਿਸ ਮੁੜ ਕੇ ਆਏ ਸਨ, ਉਹ ਉਸ ਨੂੰ ਤੰਗ ਕਰਦੇ ਸਨ। ਉਹ ਘੱਟ-ਵੱਧ ਹੀ ਆਪਣੇ ਘਰ ਰਹਿੰਦਾ। ਉਸ ਨੇ ਮੇਰੇ ਘਰ ਆ ਕੇ ਸਾਰੀ ਕਹਾਣੀ ਦੱਸੀ ਕਿ ਪੈਸਾ ਵੀ ਕੋਲ ਕੋਈ ਨਹੀਂ। ਲੋਕੀਂ ਵੀ ਤੰਗ ਕਰਦੇ ਹਨ। ਮੈਂ ਮਹੀਨਾ ਖੰਡ ਇੱਥੇ ਰਹਿਣਾ ਹੈ। ਮੇਰਾ ਟਾਈਮ ਲੰਘਾ। ਪੰਜ-ਸੱਤ ਦਿਨ ਤਾਂ ਉਹ ਮੇਰੇ ਘਰ ਹੀ ਰਿਹਾ। ਫਿਰ ਮੈਂ ਉਸ ਨੂੰ ਇੱਕ ਕਮਰਾ ਕਿਰਾਏ 'ਤੇ ਲੈ ਦਿੱਤਾ। ਪੰਜ ਸੱਤ ਸੌ ਰੁਪਇਆ ਵੀ ਦੇ ਦਿੱਤਾ।

ਇਹ ਗੱਲ ਅੱਜ ਤੋਂ ਤੀਹ ਪੈਂਤੀ ਸਾਲ ਪੁਰਾਣੀ ਹੈ। ਅੰਮ੍ਰਿਤਸਰ ਰਹਿਣ ਨਾਲ ਉਸ ਦੀ ਜਾਣ-ਪਛਾਣ ਦੋ- ਚਾਰ ਬੰਦਿਆਂ ਨਾਲ ਹੋਰ ਵੀ ਹੋ ਗਈ। ਵੀਹ-ਪੰਝੀ ਦਿਨ ਬਾਅਦ ਉਸ ਨੇ ਮੈਨੂੰ ਕਿਹਾ ਕਿ ਮੈਂ ਤੁਹਾਨੂੰ ਪਾਰਟੀ ਕਰਨੀ ਹੈ। ਮੈਂ ਤੁਹਾਨੂੰ ਘਰੋ ਸੱਤ ਵਜੇ ਲੈ ਜਾਵਾਂਗਾ। ਆਪਣਾ ਕੋਈ ਜੁਗਾੜ ਫਿੱਟ ਹੋ ਗਿਆ ਹੈ। ਘਰ ਵੀ ਮਿਲ ਗਿਆ ਹੈ ਅਤੇ ਘਰਵਾਲੀ ਵੀ ਮਿਲ ਗਈ ਹੈ। ਜਦੋਂ ਸ਼ਾਮ ਨੂੰ ਉਹ ਮੈਨੂੰ ਆਪਣੇ ਘਰ ਲੈ ਕੇ ਗਿਆ ਤਾਂ ਮੈਂ ਦੇਖ ਕੇ ਦੰਗ ਰਹਿ ਗਿਆ ਹੈ। ਕੁਲਦੀਪ ਸਿੰਘ ਨੇ ਆਵਾਜ਼ ਦਿੱਤੀ ਕਿ ਕਰਮਾਂ ਵਾਲੀਏ ਸਲਾਦ ਕੱਟ ਕੇ ਲਿਆ। ਸਾਡਾ ਬਹੁਤ ਪੁਰਾਣਾ ਯਾਰ ਆਇਆ ਹੈ। ਪੰਝੀ ਕੁ ਸਾਲ ਦੀ ਮੈਡਮ ਸਲਾਦ ਲੈ ਕੇ ਆਈ। ਗੋਰੀ ਨਛੋਹ, ਹਸੂੰ-ਹਸੂੰ ਕਰਦੀ, ਮੈਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਚਲੀ ਗਈ। ਮੈਂ ਕੁਲਦੀਪ ਸਿੰਘ ਨੂੰ ਪੁੱਛਿਆ ਕਿ ਕੰਜ਼ਰਦਿਆ ਇਹ ਪਟੋਲਾ ਕਿਵੇਂ ਪੱਟਿਆ। ਉਸ ਨੇ ਕਿਹਾ ਇਹ ਇੱਕ ਲੰਮੀ ਕਹਾਣੀ ਹੈ। ਤੁਹਾਨੂੰ ਫਿਰ ਦੱਸਾਂਗੇ। ਇਹ ਮਕਾਨ ਵੀ ਉਸ ਦਾ ਆਪਣਾ ਹੈ ਅਤੇ ਦੋ ਟੈਕਸੀਆਂ ਚੱਲਦੀਆਂ ਹਨ। ਇਹ ਦੋ ਇਸ ਦੀਆਂ ਲੜਕੀਆਂ ਹਨ।

ਦੂਜੀ-ਤੀਜੀ ਜਮਾਤ ਵਿੱਚ ਪੜ੍ਹਦੀਆਂ ਹਨ। ਫਿਰ ਸਾਡਾ ਆਪਸ ਵਿੱਚ ਆਉਣਾ-ਜਾਣਾ ਬਣਿਆ ਰਿਹਾ। ਕਦੇ ਕੁਲਦੀਪ ਸਿੰਘ ਨੇ ਮੇਰੇ ਘਰ ਆ ਜਾਣਾ ਅਤੇ ਕਦੇ ਮੈਂ ਉਸ ਦੇ ਘਰ ਚਲੇ ਜਾਣਾ। ਇਸ ਗੱਲ ਨੂੰ ਮ ਸ ਾਂ ਸੱਤ-ਅੱਠ ਮਹੀਨੇ ਹੀ ਲੰਘੇ ਸਨ ਉਹ ਮੈਡਮ ਜਿਹੜੀ ਕੁਲਦੀਪ ਸਿੰਘ ਨਾਲ ਰਹਿੰਦੀ ਸੀ, ਉਸ ਦੇ ਵਾਲ ਖਿਲਰੇ, ਰੋਂਦੀ-ਕੁਰਲਾਂਦੀ ਸਾਡੇ ਘਰ ਆ ਗਈ। ਮੇਰੀ ਘਰਵਾਲੀ ਸੁਖਜੀਤ ਵੀ ਘਰ ਸੀ। ਮੇਰੀ ਸੱਸ ਪ੍ਰੀਤਮ ਕੌਰ ਵੀ ਆਈ ਹੋਈ ਸੀ। ਸਾਨੂੰ ਬਹੁਤ ਬੁਰਾ ਲੱਗਾ। ਮੈਂ ਪੁੱਛਿਆ ਕਿ ਮੈਡਮ ਕੀ ਗੱਲ ਹੈ? ਉਸ ਨੇ ਕਿਹਾ ਨਾਲੇ ਮੈਥੋਂ ਖਾਂਦਾ ਹੈ, ਨਾਲੇ ਕੁੱਟਦਾ ਹੈ। ਪਰਸੋਂ ਮੇਰਾ ਟੈਲੀਵਿਜ਼ਨ ਚੁੱਕ ਕੇ ਵੇਚ ਆਇਆ। ਮੈਂ ਕਿਹਾ ਅੱਜ ਟੈਲੀਵਿਜ਼ਨ ਵੇਚ ਆਇਆਂ, ਕੱਲ੍ਹ ਨੂੰ ਕੁਝ ਹੋਰ ਵੇਚੇਂਗਾ। ਸਾਡੀ ਤੂੰ-ਤੂੰ, ਮੈਂ-ਮੈਂ ਤੋਂ ਹੱਥੋਪਾਈ ਹੋ ਗਈ। ਮੈਨੂੰ ਉਸ ਨੇ ਬਹੁਤ ਮਾਰਿਆ। ਪਤਾ ਨਹੀਂ ਕਿੱਥੋਂ ਡਫ਼ ਮਰ ਪੀ ਆਇਆ। ਮੈਂ ਤੁਹਾਡੇ ਕੋਲ ਫਰਿਆਦ ਲੈ ਕੇ ਆਈ ਹਾਂ ਕਿ ਇਸ ਤੋਂ ਮੇਰਾ ਖਹਿੜਾ ਛੁਡਾਉ।

ਇਤਨੀ ਦੇਰ ਨੂੰ ਰੱਜਿਆ ਕੁਲਦੀਪ ਵੀ ਆ ਗਿਆ। ਮੈਂ ਕੁਲਦੀਪ ਨੂੰ ਆਪਣੇ ਘਰ ਰੱਖ ਲਿਆ ਅਤੇ ਉਸ ਮੈਡਮ ਨੂੰ ਵਾਪਿਸ ਘਰ ਭੇਜ ਦਿੱਤਾ। ਸਵੇਰੇ ਉੱਠ ਕੇ ਕੁਲਦੀਪ ਨੂੰ ਪਿਆਰ ਨਾਲ ਸਮਝਾਇਆ। ਉਹ ਆਪਣੇ ਘਰ ਚਲਾ ਗਿਆ। ਇਸੇ ਤਰ੍ਹਾਂ ਹੀ ਮਹੀਨਾ-ਦੋ-ਮਹੀਨੇ ਹੋਰ ਲੰਘੇ। ਉਸ ਮੈਡਮ ਨੇ ਕਦੀ-ਕਦਾਈ ਸਾਡੇ ਘਰ ਆ ਜਾਣਾ। ਸਾਡੀ ਉਦੋਂ ਫੋਟੋ-ਸਟੇਟ ਅਤੇ ਟਾਈਪਿੰਗ ਦੀ ਦੁਕਾਨ ਹੁੰਦੀ ਸੀ। ਕੁਲਦੀਪ ਅਤੇ ਮੈਡਮ ਦੀ ਬਣੀ ਨਹੀਂ। ਕੁਝ ਦੇਰ ਬਾਅਦ ਉਸ ਨੂੰ ਮਕਾਨ ਛੱਡ ਕੇ ਫਗਵਾੜੇ ਹੀ ਜਾਣਾ ਪਿਆ। ਉਸ ਤੋਂ ਮਗਰੋ ਉਸ ਦਾ ਕੋਈ ਪਤਾ ਨਹੀਂ ਕਿ ਉਹ ਕਿੱਥੇ ਗਿਆ। ਇੱਕ ਦਿਨ ਦੁਪਹਿਰ ਦਾ ਸਮਾਂ ਸੀ। ਉਹ ਮੈਡਮ ਸਾਡੀ ਦੁਕਾਨ ਉੱਤੇ ਆ ਗਈ। ਮੈਂ ਉਸ ਨੂੰ ਪੁੱਛਿਆ ਕਿ ਮੈਡਮ ਤੇਰਾ ਕਾਰੋਬਾਰ ਕੀ ਹੈ? ਤੂੰ ਆਪਣੀ ਮੈਨੂੰ ਕਹਾਣੀ ਸੁਣਾ, ਤੇਰੇ ਪੇਕੇ ਅਤੇ ਸਹੁਰੇ ਕਿੱਥੇ ਹਨ। ਹੁਣ ਉਸ ਨੇ ਕਿਹਾ ਕਿ ਭਾਜੀ ਮੇਰੀ ਬਹੁਤ ਲੰਮੀ ਕਹਾਣੀ ਹੈ। ਸੁਣ ਕੇ ਕੀ ਕਰਨੀ ਹੈ। ਮੇਰੇ ਪਾਸ ਦੋ ਟੈਕਸੀਆਂ ਹਨ। ਜੋ ਕਿ ਪੁਰਾਣੀਆਂ ਹਨ। ਕਦੇ ਕੋਈ ਸੌ-ਦੋ ਸੌ ਰੁਪਇਆ ਆ ਜਾਂਦਾ ਹੈ ਬਾਕੀ ਡਰਾਇਵਰ ਖਾ ਜਾਂਦੇ ਹਨ। ਕਦੇ ਟੁੱਟ-ਭੱਜ ਹੋ ਜਾਂਦੀ ਹੈ ਅਤੇ ਮਾੜਾ ਮੋਟਾ ਗੁਜ਼ਾਰਾ ਚੱਲੀ ਜਾਂਦਾ ਹੈ।

ਇੱਕ ਦਿਨ ਮੈਡਮ ਨੇ ਮੈਨੂੰ

ਬਾਕੀ ਸਫਾ II 'ਤੇ

CMYK

ਬਾਕੀ ਸਫਾ II 'ਤੇ